ਮਤਾ ਨੰ: 92

ਵਿਸ਼ਾ: Dismantling and Erection of Old Street Light Pole with New Pole and Cable in different area of Municipal Corporation Jalandhar ਈ-ਟੈਂਡਰ ਪ੍ਰਵਾਨਗੀ ਹਿੱਤ

ਤਖ਼ਮੀਨਾ: 17.79,380/- ਟੈਂਡਰ ਅਮਾਊਂਟ 16,34,716/- Saving 8.13%
ਫਰਮ ਦਾ ਨਾਂ : M/s. Luthra Enterprises
ਟੈਂਡਰ ਕਾਲ ਕੀਤੇ 1st Attempt ਪ੍ਰਾਪਤ ਹੋਏ ਟੈਂਡਰ 2

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 41 ਮਿਤੀ 5.6.2023 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾਂ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋਂ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋਂ ਘੱਟ ਪਾਇਆ ਗਿਆ।

ਇਸ ਕੰਮ ਦੀ ਮਹਤਤਾਂ ਨੂੰ ਮੁੱਖ ਰਖਦੇ ਹੋਏ ਵਿਸ਼ੇ ਅਧੀਨ ਕੰਮ ਕਰਵਾਉਣਾ ਜਰੂਰੀ ਹੈ ਪਰੰਤੂ ਜਲੰਧਰ ਦਾ ਹਾਊਸ ਦਾ ਸਮਾਂ ਮਿਤੀ 24,012023 ਨੂੰ ਸਮਾਪਤ ਹੋ ਗਿਆ ਸੀ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5LG1/68 ਮਿਤੀ 25-01-2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉੱਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਨਿਯੁਕਤ ਕੀਤਾ ਹੈ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਟੈਂਡਰ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ।

ਟੈਂਡਰ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਰਿਸ਼ੀਪਾਲ ਸਿੰਘ, ਆਈ.ਏ.ਐਸ.,
ਐਡਮਿਨਿਸਟ੍ਰੇਟਰ,
ਨਗਰ ਨਿਗਮ ਜਲੰਧਰ ।
26.10.2023